# ਦਫਤਰ ਜਿਲਾ ਸਿੱਖਿਆ ਅਫਸਰ (ਸੈ.ਸਿ) ਬਠਿੰਡਾ

deose.bathinda@punjabeducation.gov.in

ਵੱਲ

**ਸਮੂਹ ਸਕੂਲ ਮੁਖੀ**
**ਸਸਸਸ/ਸਹਸ/ਸਮਿਸ/ਪ੍ਰਾਈਵੇਟ/ਏਡਿਡ**
**ਜਿਲ੍ਹਾ ਬਠਿੰਡਾ**
ਪੱਤਰ ਨੰ: ਜੀ-1/1 ( )2026/ 3048
ਮਿਤੀ ਬਠਿੰਡਾ : 07/04/26

**ਵਿਸ਼ਾ :** **ਜਿਲਾ ਬਠਿੰਡਾ ਦੇ ਸਰਕਾਰੀ , ਗੈਰ ਸਰਕਾਰੀ ਅਤੇ CBSE ਸਕੂਲਾਂ ਵਿਚ ਜਾਦੂ ਸੋਅ ਰਾਹੀ ਸਮਾਜ ਵਿਚ ਫੈਲ ਰਹੀਆਂ ਕੁਰੀਤੀਆਂ , ਨਸ਼ਿਆ ਅਤੇ ਅੰਧ ਵਿਸਵਾਸ ਨੂੰ ਦੂਰ ਕਰਨ ਲਈ ਸੋਅ ਕਰਨ ਲਈ ਸਬੰਧੀ ।**

ਹਵਾਲਾ : ਮਾਨਯੋਗ ਡਿਪਟੀ ਕਮਿਸ਼ਨਰ ਬਠਿੰਡਾ ਜੀ ਦੇ ਹੁਕਮਾਂ ਅਨੁਸਾਰ ।

ਉਪਰੋਕਤ ਵਿਸ਼ਾ ਅਤੇ ਹਵਾਲਾ ਅੰਕਿਤ ਦੇ ਸਬੰਧ ਵਿਚ ਸਮੂਹ ਸਕੂਲ ਮੁਖੀਆਂ ਨੂੰ ਲਿਖਿਆ ਜਾਂਦਾ ਹੈ ਕਿ ਨਰਿੰਦਰ ਸਿੰਘ ਜਾਦੂਗਰ ,ਜੋ ਕਿ ਐਲ.ਆਈ.ਜੀ.755ਫੇਜ-1 ਮਾਡਲ ਟਾਊਨ ਬਠਿੰਡਾ ਦਾ ਰਹਿਣ ਵਾਲਾ ਹੈ । ਜੋ ਕਿ ਸਕੂਲੀ ਬੱਚਿਆਂ ਨੂੰ ਨਸ਼ਿਆਂ ਦੇ ਵੱਧ ਰਹੇ ਪ੍ਰਭਾਵ ਨੂੰ ਰੋਕਣ ਲਈ ਅਤੇ ਸਮਾਜ ਵਿਚ ਫੈਲ ਰਹੀਆਂ ਕੁਰੀਤੀਆਂ , ਨਸ਼ਿਆਂ ਅਤੇ ਅੰਧ ਵਿਸਵਾਸ ਨੂੰ ਦੂਰ ਕਰਕੇ ਵਿਦਿਆਰਥੀਆਂ ਵਿਚ ਨਵੀਂ ਜਾਗਰੂਕਤਾਂ ਲਿਆਉਣਾ ਚਾਹੁੰਦੇ ਹਨ । ਜਿਸ ਦੇ ਸਬੰਧ ਵਿਚ ਸਮੂਹ ਸਕੂਲ ਮੁਖੀਆਂ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਨਰਿੰਦਰ ਸਿੰਘ ਜਾਦੂਗਰ ਨੂੰ ਜਾਦੂ ਦਾ ਸੋਅ ਦਿਖਾਉਣ ਲਈ ਪੂਰਨ ਸਹਿਯੋਗ ਦੇਣਾ ਯਕੀਨੀ ਬਣਾਇਆ ਜਾਵੇ ਅਤੇ ਹੇਠ ਲਿਖੀਆਂ ਹਦਾਇਤਾਂ ਦੀ ਪਾਲਣਾ ਕੀਤੀ ਜਾਵੇ:-

1) ਜਾਦੂ ਦਾ ਸੋਅ ਸਵੇਰ ਦੀ ਸਭਾ ਵਿਚ ਹੀ ਕਰਵਾਇਆ ਜਾਵੇਗਾ ਤਾਂ ਜੋ ਬੱਚਿਆਂ ਦੀ ਪੜ੍ਹਾਈ ਦਾ ਨੁਕਸਾਨ ਨਾ ਹੋਵੇ ।
2) ਜਾਦੂ ਦਾ ਸੋਅ ਦਿਖਾਉਣ ਲਈ 15 ਤੋਂ 20 ਮਿੰਟਾ ਤੱਕ ਦਾ ਸਮੇਂ ਹੀ ਲਗਾਇਆ ਜਾਵੇ ।
3) ਬੱਚਿਆਂ ਤੋਂ ਕਿਸੇ ਪ੍ਰਕਾਰ ਦਾ ਫੰਡ ਨਾ ਲਿਆ ਜਾਵੇ ।

7/4/26
ਜਿਲ੍ਹਾ ਸਿੱਖਿਆ ਅਫਸਰ (ਸੈ.ਸਿ)
ਬਠਿੰਡਾ ।

ਪਿਠ ਅੰਕਣ ਨੰ : ਉਕਤ ਮਿਤੀ:ਉਕਤ

ਉਪਰੋਕਤ ਦਾ ਉਤਾਰਾ :

1) ਮਾਨਯੋਗ ਡਿਪਟੀ ਕਮਿਸ਼ਨਰ ਜੀ ਨੂੰ ਸੂਚਨਾ ਹਿੱਤ ਭੇਜਿਆ ਜਾਂਦਾ ਹੈ ।

2) ਨਰਿੰਦਰ ਸਿੰਘ ਜਾਦੂਗਰ ਨੂੰ ਲਿਖਿਆ ਜਾਂਦਾ ਹੈ ਕਿ ਇਸ ਜਾਦੂ ਦਾ ਸੋਅ ਦਿਖਾਉਣ ਲਈ ਆਪ ਨੂੰ ਮਿਤੀ : 15.04.2026 ਤੋ ਮਿਤੀ :30.05.2026 ਤੱਕ ਦਾ ਸਮਾਂ ਦਿੱਤਾ ਜਾਂਦਾ ਹੈ ।

7/4/26
ਜਿਲ੍ਹਾ ਸਿੱਖਿਆ ਅਫਸਰ (ਸੈ.ਸਿ)
ਬਠਿੰਡਾ

Scanned with CamScanner

14
02/04/26

ਸੇਵਾ ਵਿਖੇ,

ਮਾਨਯੋਗ ਡਿਪਟੀ ਕਮਿਸ਼ਨਰ ਸਾਹਿਬ,
ਬਠਿੰਡਾ।

ਵਿਸ਼ਾ :- ਜਿਲਾ ਬਠਿੰਡਾ ਦੇ ਸਾਰੇ ਸਕੂਲਾ/ਕਾਲਜਾ ਦੇ ਵਿਦਿਆਰਥੀਆਂ ਵਿੱਚ ਫੈਲ ਰਹੇ ਅੰਧ ਵਿਸ਼ਵਾਸ ਨੂੰ ਦੂਰ ਕਰਕੇ ਸਮਾਜ ਨੂੰ ਨਸ਼ਾ ਰਹਿਤ ਬਨਾਉਣ ਸਬੰਧੀ ਨਵੀ ਜਾਗਰੂਕਤਾ ਲਿਆਉਣ ਦੇ ਮਕਸਦ ਨਾਲ ਮੈਜਿਕ ਸ਼ੋ ਕਰਨ ਦੀ ਮੰਨਜੂਰੀ ਦੇਣ ਸਬੰਧੀ ਬਿਨੈ-ਪੱਤਰ।

ਸ੍ਰੀਮਾਨ ਜੀ,

ਬੇਨਤੀ ਹੈ ਕਿ ਮੈ ਨਰਿੰਦਰ ਸਿੰਘ ਜਾਦੂਗਰ ਪੁੱਤਰ ਚੰਚਲ ਸਿੰਘ ਵਾਸੀ ਐਲ.ਆਈ.ਜੀ. 755, ਫੇਜ਼-1, ਮਾਡਲ ਟਾਊਨ, ਬਠਿੰਡਾ ਦਾ ਰਹਿਣ ਵਾਲਾ ਹਾਂ।

1. ਇਹ ਕਿ ਮੈ ਪਿਛਲੇ 15 ਸਾਲਾ ਤੋਂ ਸਕੂਲਾ/ਕਾਲਜਾ ਤੇ ਸਟੇਜਾ ਤੇ ਜਾਦੂ ਦਾ ਸ਼ੋ ਦਿਖਾਉਦਾ ਆ ਰਿਹਾ ਹਾਂ ਅਤੇ ਮੇਰਾ ਜਾਦੂ ਦਿਖਾਉਣ ਦਾ ਮਕਸਦ ਸਮਾਜ ਵਿੱਚ ਫੈਲ ਰਹੀਆਂ ਕਰੁਤੀਆਂ, ਨਸ਼ਿਆ ਅਤੇ ਅੰਧ ਵਿਸ਼ਵਾਸ ਨੂੰ ਦੂਰ ਕਰਕੇ ਦਰਸ਼ਕਾ ਦੇ ਵਿੱਚ ਨਵੀ ਜਾਗਰੂਕਤਾ ਲਿਆਉਣਾ ਹੈ।ਮੈ ਸਾਫ ਸੁਥਰਾ ਜਾਦੂ ਦਿਖਾ ਕੇ ਦਰਸ਼ਕਾ ਦੇ ਮੰਨੋਰੰਜਨ ਕਰਦਾ ਹਾਂ ਅਤੇ ਇਸਦੇ ਨਾਲ ਹੀ ਦਰਸ਼ਕਾ ਨੂੰ ਚੰਗਾ ਇਨਸਾਨ ਬਣਨ ਦੀ ਪ੍ਰੇਰਣਾ ਦਿੰਦਾ ਹੈ।ਜਾਦੂ ਇਕ ਕਲਾ ਹੈ ਇਸ ਜਾਦੂ ਦੇ ਮੰਨੋਰੰਜਨ ਦੇ ਨਾਲ ਦਰਸ਼ਕਾ ਨੂੰ ਚੰਗੇ ਇਨਸਾਨ ਬਣਨ ਦਾ ਸੰਦੇਸ਼ ਵੀ ਜਾਂਦਾ ਹੈ ਤੇ ਮੈ ਆਪਣੀ ਕਲਾ ਦੇ ਜ਼ੋਹਰ ਮੈਜਿਕ ਸ਼ੋ ਰਾਹੀ ਸਕੂਲਾ/ਕਾਲਜਾ ਦੇ ਬੱਚਿਆ ਨੂੰ ਮਿਤੀ 15.04.2026 ਤੋਂ 30.05.2026 ਤੱਕ ਦਿਖਾਉਣ ਦੀ ਆਪ ਜੀ ਪਾਸੋ ਮੰਨਜੂਰੀ ਲੈਣੀ ਚਾਹੁੰਦਾ ਹਾਂ।ਮੈਨੂੰ ਉਕਤ ਮੰਤਵ ਲਈ ਮੰਨਜੂਰੀ ਮਿਲਣ ਤੇ ਮੈ 2100/- ਰੁਪਏ ਰੈਡ ਕਰਾਸ ਸੁਸਾਇਟੀ ਨੂੰ ਬਤੌਰ ਡੋਨੇਸ਼ਨ ਦੇਣ ਦਾ ਪਾਬੰਦ ਹੋਵਾਂਗਾ।

ਸੋ ਲਿਹਾਜਾ ਦਰਖਾਸਤ ਪੇਸ਼ ਕਰਕੇ ਬੇਨਤੀ ਕੀਤੀ ਜਾਂਦੀ ਹੈ ਕਿ ਜਿਲਾ ਬਠਿੰਡਾ ਦੇ ਸਾਰੇ ਸਕੂਲਾ/ਕਾਲਜਾ ਵਿੱਚ ਮਿਤੀ 15.04.2026 ਤੋਂ 30.05.2026 ਤੱਕ ਮੈਜਿਕ ਸ਼ੋ ਦਿਖਾਉਣ ਦੀ ਮੰਨਜੂਰੀ ਦਿੱਤੀ ਜਾਵੇ ਜੀ ਤੇ ਮੈ ਆਪ ਜੀ ਨੂੰ ਯਕੀਨ ਦਿਵਾਉਦਾ ਹਾਂ ਕਿ ਮੈ ਸਾਫ ਸੁਥਰੀਆਂ ਆਈਟਮਾਂ ਦਿਖਾ ਕੇ ਬੱਚਿਆ ਦਾ ਮੰਨੋਰੰਜਨ ਕਰਾਂਗਾ ਤੇ ਕੋਈ ਵੀ ਖਤਰਨਾਕ ਸਟੰਟ ਨਹੀ ਕਰਾਂਗਾ। ਆਪ ਜੀ ਦੀ ਬੜੀ ਮਿਹਰਬਾਨੀ ਹੋਵੇਗੀ।

ਆਪ ਜੀ ਦਾ ਵਿਸ਼ਵਾਸ ਪਾਤਰ

ਮਿਤੀ : 02.04.2026

ਨਰਿੰਦਰ ਸਿੰਘ

ਨਰਿੰਦਰ ਸਿੰਘ ਜਾਦੂਗਰ ਪੁੱਤਰ ਚੰਚਲ ਸਿੰਘ
ਵਾਸੀ ਐਲ.ਆਈ.ਜੀ. 755, ਫੇਜ਼-1,
ਮਾਡਲ ਟਾਊਨ, ਬਠਿੰਡਾ।ਮੋ: 97795-48098
89685-85236

Scanned with CamScanner

# ਦਫਤਰ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ) ਬਠਿੰਡਾ

Room No.455,Mini Secretariate,3rd floor,
ਮੇਲ ਆਈ ਡੀ deosebathinda@punjab education.gov.in

ਵੱਲ

ਸਮੂਹ ਸਕੂਲ ਮੁੱਖੀ
ਸਸਸਸ/ਸਹਸ/ਸਮਿਸ
ਜਿਲ੍ਹਾ ਬਠਿੰਡਾ ।
ਪੱਤਰ ਨੰ : ਜੀ-1/1 ( ) 2023 / 3036
ਮਿਤੀ : 10 /04/2023

ਵਿਸ਼ਾ : ਬਠਿੰਡਾ ਜਿਲ੍ਹੇ ਦੇ ਸਾਰੇ ਸਕੂਲਾਂ ਵਿਚ ਜਾਦੂ ਦਾ ਸ਼ੋਅ ਦਿਖਾਉਣ ਸਬੰਧੀ ।

ਹਵਾਲਾ : ਮਾਨਯੋਗ ਡਿਪਟੀ ਕਮਿਸ਼ਨਰ ਜੀ ਦੇ ਪ੍ਰਾਪਤ ਪੱਤਰ ਦੇ ਹੁਕਮਾਂ ਅਨੁਸਾਰ ਮਿਤੀ 05/04/2023 ਦੇ ਸਬੰਧ ਵਿਚ ।


ਉਪਰੋਕਤ ਵਿਸ਼ੇ ਦੇ ਸਬੰਧ ਵਿਚ ਜਿਲ੍ਹੇ ਅੰਦਰ ਵੱਖ-ਵੱਖ ਸਰਕਾਰੀ ਗੈਰ ਸਰਕਾਰੀ / ਸਕੂਲਾਂ ਵਿਚ ਆਪਣਾ ਜਾਦੂ ਸ਼ੋਅ / ਦਿਖਾਉਣ ਸਬੰਧੀ ਮਿਤੀ :11/04/2023 ਤੋਂ 30/09/2023 ਤੱਕ ਪ੍ਰਵਾਨਗੀ ਦਿੱਤੀ ਜਾਂਦੀ ਹੈ ।

1. ਇਸ ਜਾਦੂ ਸ਼ੋਅ ਵਿਚ ਬੱਚਿਆਂ ਨੂੰ ਅੰਧਵਿਸ਼ਵਾਸ਼ ਤੋਂ ਬਾਹਰ ਕੱਢਿਆ ਜਾਵੇਗਾ ਅਤੇ ਬੇਟੀ ਬਚਾਉ ਅਤੇ ਬੇਟੀ ਪੜ੍ਹਾਉ ਪਾਣੀ ਬਚਾਉ ਅਤੇ ਜੀਵਨ ਬਚਾਉ , ਰੁੱਖ ਲਗਾਉ ਅਤੇ ਜੀਵਨ ਬਚਾਉ ਦੇ ਸਬੰਧ ਵਿਚ ਜਾਣਕਾਰੀ ਦਿੱਤੀ ਜਾਵੇਗੀ।
2. ਇਸ ਜਾਦੂ ਦੇ ਸ਼ੋਅ ਵਿਚ ਕੋਈ ਜੂਏ ਵਾਲੀ ਸਟਾਲ /ਖੇਡ ਨਹੀਂ ਖੇਡੀ ਜਾਵੇਗੀ / ਜਿਸ ਨਾਲ ਬੱਚਿਆਂ ਤੇ ਗਲਤ ਪ੍ਰਭਾਵ ਅਤੇ ਸ਼ੋਅ ਵਿਚ ਕੋਈ ਡਰਾਉਣੀ ਆਇਟਮ ਨਾ ਪੇਸ਼ ਕੀਤੀ ਜਾਵੇ, ਜਿਸ ਨਾਲ ਬੱਚਿਆਂ ਵਿੱਚ ਡਰ ਪੈਂਦਾ ਹੋਵੇ।
3. ਜਾਦੂ ਦੇ ਸ਼ੋਅ ਦੌਰਾਨ ਹੋਣ ਵਾਲੇ ਖਰਚੇ ਦੀ ਜਿੰਮੇਵਾਰੀ ਸ਼ੋਅ ਕਰਨ ਵਾਲੇ ਜਾਦੂਗਰ ਦੀ ਹੋਵੇਗੀ ।
4. ਜਾਦੂ ਦਾ ਸ਼ੋਅ ਕਰਨ ਤੋਂ ਪਹਿਲਾਂ ਸਬੰਧਿਤ ਸਕੂਲ ਦੇ ਮੁੱਖ ਅਧਿਆਪਕ / ਪ੍ਰਿੰਸੀਪਲ ਨਾਲ ਤਾਲਮੇਲ ਕਰਕੇ ਸ਼ੋਅ ਦਾ ਸਮਾਂ ਅਤੇ ਤਰੀਕ ਨਿਸ਼ਚਿਤ ਕੀਤੀ ਜਾਵੇ, ਤਾਂ ਜੋ ਬੱਚਿਆਂ ਦੀ ਪੜ੍ਹਾਈ ਤੇ ਮਾੜਾ ਪ੍ਰਭਾਵ ਨਾ ਪਵੇ ।
5. ਇਸ ਤੋਂ ਇਲਾਵਾ ਜਿਲ੍ਹਾ ਬਠਿੰਡਾ ਵਿਚ ਸਥਿਤ ਸਕੂਲ ਦੇ ਪ੍ਰਿੰਸੀਪਲਾਂ /ਮੁੱਖ ਅਧਿਆਪਕਾਂ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਉਕਤ ਸ਼ੋਅ ਸਬੰਧੀ ਆਪਣੇ-ਆਪਣੇ ਸਕੂਲ ਵਿੱਚ ਲੋੜੀਂਦੇ ਪ੍ਰਬੰਧ ਹਿੱਤ ਮੈਜਿਕ ਸ਼ੋਅ ਕਰਵਾਉਣ ਵਾਲੇ ਪ੍ਰਬੰਧਕਾਂ ਨੂੰ ਪੂਰਨ ਸਹਿਯੋਗ ਦੇਣ ਅਤੇ ਉਕਤ ਸ਼ਰਤਾਂ ਦੀ ਪਾਲਣਾ ਕਰਨੀ ਯਕੀਨੀ ਬਣਾਈ ਜਾਵੇ।

ਜਿਲ੍ਹਾ ਸਿੱਖਿਆ ਅਫਸਰ (ਸੈ.ਸਿ)
ਬਠਿੰਡਾ ।

ਪਿੱ.ਅੰ. ਨੰ : ਉਕਤ          ਮਿਤੀ : ਉਕਤ

ਉਪਰੋਕਤ ਦਾ ਉਤਾਰਾ ਮਾਨਯੋਗ ਡਿਪਟੀ ਕਮਿਸ਼ਨਰ ਬਠਿੰਡਾ ਨੂੰ ਸੂਚਨਾ ਹਿੱਤ ਭੇਜਿਆ ਜਾਂਦਾ ਹੈ।




ਜਿਲ੍ਹਾ ਸਿੱਖਿਆ ਅਫਸਰ (ਸੈ.ਸਿ)
ਬਠਿੰਡਾ ।

Scanned with CamScanner